ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਮਿਤੀ 28 ਦਸੰਬਰ ਸ਼ਨੀਵਾਰ 2024

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਂਟਾਰੀਓ


ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


## ਪੰਜ ਤੱਤਾਂ 'ਚ ਵਿਲੀਨ ਹੋਏ ਡਾ. ਮਨਮੋਹਨ ਸਿੰਘ

ਨਵੀਂ ਦਿੱਲੀ, 28 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਪੰਜ ਤੱਤਾਂ 'ਚ ਵਿਲੀਨ ਹੋ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਸ਼ਨਿੱਚਰਵਾਰ ਨੂੰ ਨਵੀਂ ਦਿੱਲੀ ਦੇ ਕਸ਼ਮੀਰੀ ਗੇਟ ਸਥਿਤ ਨਿਗਮਬੋਧ ਘਾਟ ਵਿਚ ਕੀਤਾ ਗਿਆ। ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਮੌਕੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਵੱਡੀ ਗਿਣਤੀ ਸਰਕਾਰੀ ਅਧਿਕਾਰੀ ਤੇ ਪਤਵੰਤੇ ਮੌਜੂਦ ਸਨ। ਪ੍ਰਿਅੰਕਾ ਗਾਂਧੀ ਵਾਡਰਾ, ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਨਾਲ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੀ.ਆਈ.ਪੀ ਘਾਟ 'ਤੇ ਮੌਜੂਦ ਰਹੇ



## ਰਾਜਘਾਟ ਚ ਮਨਮੋਹਨ ਸਿੰਘ ਦਾ ਅੰਤਿਮ ਸਸਕਾਰ ਨਾ ਕਰਨ ਤੇ ਸਿਆਸਤ..

ਆਪ ਦੇ ਆਗੂ ਸੰਜੇ ਸਿੰਘ ਨੇ ਮਨਮੋਹਨ ਸਿੰਘ ਦੇ ਨਿਗਮਬੋਧ ਵਿਖੇ ਕੀਤੇ ਜਾ ਰਹੇ ਅੰਤਿਮ ਸੰਸਕਾਰ ਨੂੰ ਸਿੱਖ ਕੌਮ ਦਾ ਅਪਮਾਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਿੱਖ ਕੌਮ ਦਾ ਅਪਮਾਨ ਕਰ ਰਹੀ ਹੈ। "ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਅੰਤਿਮ ਸੰਸਕਾਰ ਲਈ ਰਾਜਘਾਟ ਕੰਪਲੈਕਸ ਵਿੱਚ ਜਗਹਾ ਦੇਣ ਲਈ ਤਿਆਰ ਕਿਉਂ ਨਹੀਂ ਹੋਏ ?

ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਭਾਰਤੀ ਜਨਤਾ ਪਾਰਟੀ ਦੀ ਆਲੋਚਨਾ ਕਰਦਿਆਂ ਸਿਆਸਤ ਕਰਨ ਦਾ ਦੋਸ਼ ਲਾਇਆ। ਸਿੱਧੂ ਨੇ ਭਾਜਪਾ 'ਤੇ ਹਮਲਾ ਕਰਦਿਆਂ ਕਿਹਾ ਕਿ ਜੇ ਰਾਜਘਾਟ 'ਤੇ ਅਟਲ ਬਿਹਾਰੀ ਵਾਜਪਾਈ ਦੀ ਯਾਦਗਾਰ ਨਾ ਬਣੀ ਹੁੰਦੀ ਤਾਂ ਪਾਰਟੀ ਕਿਵੇਂ ਮਹਿਸੂਸ ਕਰਦੀ। ਇਹ ਮੁੱਦਾ ਕਿਸੇ ਇੱਕ ਪਾਰਟੀ ਦਾ ਨਹੀਂ ਸਗੋਂ ਪੂਰੇ ਦੇਸ਼ ਦੇ ਇਤਿਹਾਸ ਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਡਾਕਟਰ ਮਨਮੋਹਨ ਸਿੰਘ ਦੇ ਸਸਕਾਰ ਤੇ ਹੋ ਰਹੇ ਵਿਵਾਦ ਤੇ ਕਿਹਾ ਕਿ "ਇਹ ਅਤਿਅੰਤ ਨਿੰਦਣਯੋਗ ਹੈ ਕਿ ਕੇਂਦਰ ਸਰਕਾਰ ਨੇ ਡਾ ਮਨਮੋਹਨ ਸਿੰਘ ਜੀ ਦੇ ਪਰਿਵਾਰ ਦੀ ਬੇਨਤੀ ਨੂੰ ਠੁਕਰਾ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਸਾਡੇ ਕਾਂਗਰਸ ਪਾਰਟੀ ਨਾਲ ਮਤਭੇਦ ਜ਼ਰੂਰ ਹਨ ਪਰ ਡਾ. ਮਨਮੋਹਨ ਸਿੰਘ ਜੀ ਦਾ ਅਸੀਂ ਸਨਮਾਨ ਕਰਦੇ ਹਾਂ"

## ਪੰਜਾਬ ਸਰਕਾਰ ਵੱਲੋਂ ਸੱਤ ਦਿਨਾਂ ਦਾ ਰਾਜਸੀ ਸੋਗ ਦਾ ਐਲਾਨ



ਚੰਡੀਗੜ੍ਹ, 28 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਪੰਜਾਬ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦੇਹਾਂਤ 'ਤੇ ਸੂਬੇ ਵਿੱਚ 7 ਦਿਨ ਦੇ ਰਾਜਸੀ ਸੋਗ ਦਾ ਐਲਾਨ ਕੀਤਾ ਹੈ। ਇਸ ਦੌਰਾਨ ਪੰਜਾਬ ਦੇ ਸਾਰੇ ਦਫ਼ਤਰਾਂ ਵਿੱਚ ਕੌਮੀ ਝੰਡਾ ਅੱਧਾ ਝੁਕਿਆ ਰਹੇਗਾ। ਇਨ੍ਹਾਂ ਸੱਤ ਦਿਨਾਂ ਦੌਰਾਨ ਪੰਜਾਬ ਸਰਕਾਰ ਦੇ ਕਿਸੇ ਵੀ ਦਫ਼ਤਰ ਜਾਂ ਅਦਾਰੇ ਵਿੱਚ ਖੁਸ਼ੀ ਦਾ ਕੋਈ ਵੀ ਅਧਿਕਾਰਤ ਸਮਾਗਮ ਨਹੀਂ ਹੋਵੇਗਾ।

ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਮੁੱਖ ਸਕੱਤਰ ਕੇਏਪੀ ਸਿਨਹਾ ਨੇ ਅੱਜ ਇੱਥੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਉਨ੍ਹਾਂ ਮਨਮੋਹਨ ਸਿੰਘ ਦੇ ਪਰਿਵਾਰ ਨਾਲ ਦੁੱਖ ਵੀ ਸਾਂਝਾ ਕੀਤਾ। ਬੈਂਸ ਨੇ ਕਿਹਾ ਕਿ ਮਨਮੋਹਨ ਸਿੰਘ ਨੇ ਦੇਸ਼ ਦੀ ਆਰਥਿਕਤਾ ਨੂੰ ਮੁਸ਼ਕਲ ਹਾਲਾਤ 'ਚੋਂ ਕੱਢ ਕੇ ਵਿਕਾਸ ਦੇ ਰਾਹ ਪਾਇਆ। ਉਹ ਆਪਣੇ ਆਪ ਵਿੱਚ ਸੰਸਥਾ ਸਨ।

## ਸ਼੍ਰੋਮਣੀ ਕਮੇਟੀ ਨੇ ਸ਼ੋਕ ਸਭਾ ਕਰਕੇ ਡਾ. ਮਨਮੋਹਨ ਸਿੰਘ ਨੂੰ ਦਿੱਤੀ ਸ਼ਰਧਾਂਜਲੀ



ਅੰਮ੍ਰਿਤਸਰ,28 ਦਸੰਬਰ( ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਡਾ. ਮਨਮੋਹਨ ਸਿੰਘ ਨਮਿਤ ਸ਼ੋਕ ਸਭਾ ਕਰ ਕੇ ਉਨ੍ਹਾਂ ਨੂੰ ਸ਼ਰਧਾਜਲੀ ਭੇਟ ਕੀਤੀ ਗਈ ਅਤੇ ਇਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅਤੇ ਇਸ ਨਾਲ ਸਬੰਧਤ ਅਦਾਰੇ ਇਕ ਦਿਨ ਲਈ ਬੰਦ ਰੱਖੇ ਗਏ। ਸ਼ੋਕ ਸਭਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਮੂਹ ਮੁਲਾਜ਼ਮਾਂ ਨੇ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਕਰਕੇ ਅਰਦਾਸ ਕੀਤੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਡਾ. ਮਨਮੋਹਨ ਸਿੰਘ ਦੀਆਂ ਦੇਸ਼ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਇਕ ਆਮ ਪਰਿਵਾਰ ਵਿੱਚੋਂ ਉਠ ਕੇ ਆਪਣੀ ਮਿਹਨਤ ਅਤੇ ਲਿਆਕਤ ਨਾਲ ਉੱਚ ਸਥਾਨ ਪ੍ਰਾਪਤ ਕੀਤਾ। ਉਹ ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਬਣੇ, ਜਿਸ ਨਾਲ ਪੰਜਾਬੀਆਂ ਅਤੇ ਖਾਸਕਰ ਸਿੱਖ ਦਸਤਾਰ ਦੀ ਪਛਾਣ ਨੂੰ ਪੂਰੀ ਦੁਨੀਆਂ ਵਿੱਚ ਉੱਭਰੀ।

## ਲਾਮਿਸਾਲ ਬੌਧਿਕਤਾ ਅਤੇ ਬੇਮਿਸਾਲ ਹਲੀਮੀ ਵਾਲੇ ਇਨਸਾਨ ਸਨ ਡਾਕਟਰ ਮਨਮੋਹਨ ਸਿੰਘ : ਡਾ. ਕਥੂਰੀਆ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਵਿਸ਼ਵ ਪੰਜਾਬੀ ਸਭਾ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਦੇਹਾਂਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਡਾਕਟਰ ਮਨਮੋਹਨ ਸਿੰਘ ਲਾਮਿਸਾਲ ਬੌਧਿਕਤਾ ਅਤੇ ਬੇਮਿਸਾਲ ਹਲੀਮੀ ਵਾਲੇ ਇਨਸਾਨ ਸਨ। ਉਨਾਂ ਨੇ ਦੇਸ਼ ਦੀ ਆਰਥਿਕਤਾ ਨੂੰ ਮੁਸ਼ਕਿਲ ਹਾਲਾਤਾਂ ਚੋਂ ਕੱਢ ਕੇ ਵਿਕਾਸ ਦੀਆਂ ਰਾਹਾਂ ਤੇ ਪਾਇਆ ਸੀ। ਉਹ ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਬਣੇ, ਜਿਸ ਨਾਲ ਪੰਜਾਬੀਆਂ ਅਤੇ ਖ਼ਾਸ ਕਰ ਸਿੱਖ ਦਸਤਾਰ ਦੀ ਪਛਾਣ ਨੂੰ ਪੂਰੀ ਦੁਨੀਆ ਵਿੱਚ ਉਭਾਰਿਆ ਸੀ। ਜਿਸ ਸ਼ਾਲੀਨਤਾ ਤੇ ਗੰਭੀਰਤਾ ਨਾਲ ਉਹਨਾਂ ਨੇ ਦੇਸ਼ ਨੂੰ ਚਲਾਇਆ ਉਹ ਹਮੇਸ਼ਾ ਯਾਦ ਕੀਤਾ ਜਾਏਗਾ। ਉਹਨਾਂ ਦਾ ਜਾਣਾ ਭਾਰਤ ਲਈ ਹੀ ਨਹੀਂ ਵਿਸ਼ਵ ਲਈ ਵੀ ਇੱਕ ਬਹੁਤ ਵੱਡਾ ਘਾਟਾ ਹੈ ਜੋ ਕਦੇ ਵੀ ਨਾ ਪੂਰਿਆ ਜਾ ਸਕਣ ਵਾਲਾ ਹੈ। ਉਧਰ, ਕੰਵਰ ਬਰਾੜ, ਐਕਸਲ ਕਾਰ ਰੈਂਟਲ, ਆਮਾਇਰਾ ਅਕੈਡਮੀ, ਗੈਟ ਸੋਲਡ ਤੋਂ ਇੰਦਰ ਅਰੋੜਾ ਤੇ ਰਮਨ ਕਥੂਰੀਆ, ਐਕਸਲ ਇੰਸ਼ੋਰੈਂਸ ਬਰੋਕਰਸ ਲਿਮਿਟਡ ਤੋਂ ਹਿੰਮਤ ਖੁੱਡੀਆਂ, ਜੇਡੀ ਵੈਬ ਸਰਵਿਸ ਤੋਂ ਜਸ਼ਨਦੀਪ ਸਿੰਘ, ਡਾ.ਜਸ਼ਨਦੀਪ ਅਰੋੜਾ ਵੱਲੋਂ ਵੀ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਦੇਹਾਂਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।













# ਦੀਵਾਲੀਆ ਹੋਣ ਕਿਨਾਰੇ ਸੀ ਭਾਰਤ, ਡਾ. ਮਨਮੋਹਨ ਸਿੰਘ ਨੇ ਇਕੌਨਮੀ ਨੂੰ ਡੁੱਬਣ ਤੋਂ ਕਿਵੇਂ ਬਚਾਇਆ ?

1990 ਤੋਂ ਪਹਿਲਾਂ ਲਾਇਸੈਂਸ ਪਰਮਿਟ ਰਾਜ ਸੀ। ਇਸ ਦਾ ਮਤਲਬ ਹੈ ਕਿ ਸਰਕਾਰ ਸਭ ਕੁਝ ਤੈਅ ਕਰਦੀ ਸੀ ਕਿ ਕਿਹੜਾ ਮਾਲ ਤਿਆਰ ਕੀਤਾ ਜਾਵੇਗਾ, ਕਿੰਨਾ ਉਤਪਾਦਨ ਹੋਵੇਗਾ, ਇਸ ਨੂੰ ਬਣਾਉਣ ਲਈ ਕਿੰਨੇ ਲੋਕ ਕੰਮ ਕਰਨਗੇ ਤੇ ਇਸ ਦੀ ਕੀਮਤ ਕੀ ਹੋਵੇਗੀ। ਇਸ ਪਰਮਿਟ ਰਾਜ ਨੇ ਕਦੇ ਵੀ ਦੇਸ਼ ਵਿਚ ਨਿਵੇਸ਼ ਦਾ ਮਾਹੌਲ ਪੈਦਾ ਨਹੀਂ ਹੋਣ ਦਿੱਤਾ।

ਨਵੀਂ ਦਿੱਲੀ ,28 ਦਸੰਬਰ (ਜਸਵਿੰਦਰ ਸਿੰਘ ਬਿੱਟਾ)-1990 ਦੇ ਦਹਾਕੇ ਦੀ ਸ਼ੁਰੂਆਤ ਭਾਰਤ ਲਈ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਸੀ। ਵਿਦੇਸ਼ੀ ਨਿਵੇਸ਼ ਦੇ ਦਰਵਾਜ਼ੇ ਬੰਦ ਹੋ ਗਏ ਹਨ। 'ਇੰਸਪੈਕਟਰ ਰਾਜ' ਨੇ ਉਦਯੋਗਾਂ ਨੂੰ ਖੋਲ੍ਹਣਾ ਮੁਸ਼ਕਲ ਕਰ ਦਿੱਤਾ ਸੀ। ਆਰਥਿਕਤਾ ਢਹਿ-ਢੇਰੀ ਹੋਣ ਦੀ ਕਗਾਰ 'ਤੇ ਸੀ। ਉਸ ਸਮੇਂ ਡਾ. ਮਨਮੋਹਨ ਸਿੰਘ ਸੰਕਟਮੋਚਕ ਵਜੋਂ ਅੱਗੇ ਆਏ। ਉਨ੍ਹਾਂ ਦੀਆਂ ਨੀਤੀਆਂ ਨੇ ਨਾ ਸਿਰਫ਼ ਭਾਰਤ ਨੂੰ ਦੀਵਾਲੀਆਪਨ ਤੋਂ ਬਚਾਇਆ, ਸਗੋਂ ਤਿੰਨ ਦਹਾਕਿਆਂ ਬਾਅਦ ਇਸ ਨੂੰ ਦੁਨੀਆ ਦੇ ਚੋਟੀ ਦੇ ਪੰਜ ਅਰਥਚਾਰਿਆਂ 'ਚ ਸ਼ਾਮਲ ਕਰਨ ਦੇ ਯੋਗ ਬਣਾਇਆ।

## ਭਾਰਤੀ ਆਰਥਿਕਤਾ ਦੀ ਸਮੱਸਿਆ ਕੀ ਸੀ ?

1990 ਤੋਂ ਪਹਿਲਾਂ ਲਾਇਸੈਂਸ ਪਰਮਿਟ ਰਾਜ ਸੀ। ਇਸ ਦਾ ਮਤਲਬ ਹੈ ਕਿ ਸਰਕਾਰ ਸਭ ਕੁਝ ਤੈਅ ਕਰਦੀ ਸੀ ਕਿ ਕਿਹੜਾ ਮਾਲ ਤਿਆਰ ਕੀਤਾ ਜਾਵੇਗਾ, ਕਿੰਨਾ ਉਤਪਾਦਨ ਹੋਵੇਗਾ, ਇਸ ਨੂੰ ਬਣਾਉਣ ਲਈ ਕਿੰਨੇ ਲੋਕ ਕੰਮ ਕਰਨਗੇ ਤੇ ਇਸ ਦੀ ਕੀਮਤ ਕੀ ਹੋਵੇਗੀ। ਇਸ ਪਰਮਿਟ ਰਾਜ ਨੇ ਕਦੇ ਵੀ ਦੇਸ਼ ਵਿਚ ਨਿਵੇਸ਼ ਦਾ ਮਾਹੌਲ ਪੈਦਾ ਨਹੀਂ ਹੋਣ ਦਿੱਤਾ।

ਇਸ ਕਾਰਨ ਸਰਕਾਰੀ ਖਜ਼ਾਨੇ 'ਤੇ ਬੋਝ ਵਧ ਗਿਆ ਤੇ ਸਥਿਤੀ ਦੀਵਾਲੀਆਪਨ ਤਕ ਪਹੁੰਚ ਗਈ। ਉਸ ਸਮੇਂ ਭਾਰਤ ਨੂੰ ਆਪਣੇ

## ਆਰਥਿਕ ਉਦਾਰੀਕਰਣ ਦੇ ਨਾਇਕ



## ਮਨਮੋਹਨ ਸਿੰਘ ਨੇ ਆਰਥਿਕਤਾ ਨੂੰ ਕਿਵੇਂ ਸੰਭਾਲਿਆ ?

ਉਸ ਸਮੇਂ ਕੇਂਦਰ 'ਚ ਨਰਸਿਮਹਾ ਰਾਓ ਦੀ ਸਰਕਾਰ ਸੀ, ਜਿਨ੍ਹਾਂ ਦੀ ਗਿਣਤੀ ਦੇਸ਼ ਦੇ ਸਭ ਤੋਂ ਸੁਲਝੇ ਹੋਏ ਨੇਤਾਵਾਂ 'ਚ ਹੁੰਦੀ ਸੀ। ਮਨਮੋਹਨ ਸਿੰਘ ਨੂੰ ਵਿੱਤ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ। ਇਸ ਦਾ ਕਾਰਨ ਵੀ ਬਹੁਤ ਖਾਸ ਸੀ। ਉਸ ਸਮੇਂ ਭਾਰਤ ਦੀ ਭਰੋਸੇਯੋਗਤਾ ਡਿੱਗ ਚੁੱਕੀ ਸੀ। ਕੋਈ ਵੀ ਵੱਡਾ ਅੰਤਰਰਾਸ਼ਟਰੀ ਸਾਨੂੰ ਕਰਜ਼ਾ ਦੇਣ ਲਈ ਤਿਆਰ ਨਹੀਂ ਸੀ।

ਰਾਓ ਨੇ ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਬਣਾਇਆ ਤਾਂ ਜੋ ਉਹ ਅੰਤਰਰਾਸ਼ਟਰੀ ਬੈਂਕਾਂ ਤੋਂ ਆਸਾਨੀ ਨਾਲ ਕਰਜ਼ਾ ਲੈ ਸਕਣ। ਨਾਲ ਹੀ, ਮਨਮੋਹਨ ਸਿੰਘ ਪਹਿਲਾਂ ਆਰਥਿਕ ਸਲਾਹਕਾਰ ਵਜੋਂ ਸਰਕਾਰ ਨਾਲ ਕੰਮ ਕਰ ਚੁੱਕੇ ਸਨ। ਉਹ ਆਰਬੀਆਈ ਦੇ ਗਵਰਨਰ ਵੀ ਰਹਿ ਚੁੱਕੇ ਸਨ, ਇਸ ਲਈ ਉਨ੍ਹਾਂ ਨੂੰ ਆਰਥਿਕ ਨੀਤੀਆਂ ਦੀ ਚੰਗੀ ਜਾਣਕਾਰੀ ਸੀ।

ਜ਼ਰੂਰੀ ਖਰਚਿਆਂ ਨੂੰ ਪੂਰਾ ਕਰਨ ਲਈ ਵਿਦੇਸ਼ਾਂ ਵਿਚ ਆਪਣਾ ਸੋਨਾ ਵੀ ਗਿਰਵੀ ਰੱਖਣਾ ਪਿਆ। ਭਾਰਤ ਕੋਲ ਇੰਨਾ ਵਿਦੇਸ਼ੀ ਮੁਦਰਾ ਭੰਡਾਰ ਸੀ ਕਿ ਇਹ ਸਿਰਫ਼ ਦੋ ਹਫ਼ਤਿਆਂ ਦੀ ਦਰਾਮਦ ਦੇ ਖਰਚੇ ਨੂੰ ਪੂਰਾ ਕਰ ਸਕਦਾ ਸੀ।

## 1991 ਦੇ ਬਜਟ 'ਚ ਬਦਲ ਗਈ ਦੇਸ਼ ਦੀ ਸੂਰਤ

ਉਹ ਦਿਨ ਸੀ 24 ਜੁਲਾਈ 1991 ਦਾ, ਵਿੱਤ ਮੰਤਰੀ ਵਜੋਂ ਮਨਮੋਹਨ ਸਿੰਘ ਦਾ ਪਹਿਲਾ ਬਜਟ। ਆਮ ਤੌਰ 'ਤੇ ਬਜਟ ਤਿਆਰ ਕਰਨ 'ਚ ਤਿੰਨ ਮਹੀਨੇ ਲੱਗ ਜਾਂਦੇ ਹਨ, ਪਰ ਕਿਉਂਕਿ ਲੋਕ ਸਭਾ ਚੋਣਾਂ ਤੋਂ ਬਾਅਦ ਬਜਟ ਪੇਸ਼ ਕੀਤਾ ਜਾ ਰਿਹਾ ਸੀ, ਇਸ ਲਈ ਮਨਮੋਹਨ ਸਿੰਘ ਨੂੰ ਸਿਰਫ਼ ਇਕ ਮਹੀਨੇ ਦਾ ਸਮਾਂ ਮਿਲਿਆ। ਉਨ੍ਹਾਂ ਇਸ ਮਹੀਨੇ 'ਚ ਕਮਾਲ ਕਰ ਦਿੱਤਾ।

ਉਨ੍ਹਾਂ ਨੇ ਬਜਟ 'ਚ ਲਾਇਸੈਂਸ ਪਰਮਿਟ ਰਾਜ ਖ਼ਤਮ ਕਰ ਦਿੱਤਾ। ਬੰਦ ਆਰਥਿਕਤਾ ਖੁੱਲ੍ਹ ਗਈ, ਘਰੇਲੂ ਪ੍ਰਾਈਵੇਟ ਕੰਪਨੀਆਂ ਆਈਆਂ, ਵਿਦੇਸ਼ੀ ਕੰਪਨੀਆਂ ਵੀ ਆ ਗਈਆਂ। ਇਸ ਨਾਲ ਸਿਸਟਮ 'ਚ ਪੈਸਾ ਆਇਆ ਅਤੇ ਕੰਪਨੀਆਂ ਵਧਣ-ਫੁੱਲਣ ਲੱਗੀਆਂ। ਕਰੋੜਾਂ ਨਵੀਆਂ ਨੌਕਰੀਆਂ ਪੈਦਾ ਹੋਈਆਂ। ਕਰੋੜਾਂ ਲੋਕ ਪਹਿਲੀ ਵਾਰ ਗਰੀਬੀ ਰੇਖਾ ਤੋਂ ਉੱਪਰ ਉੱਠੇ।

### 1991 ਦੇ ਬਜਟ ਦੀਆਂ ਮੁੱਖ ਗੱਲਾਂ:

ਇਸ ਬਜਟ ਨੇ ਆਰਥਿਕ ਉਦਾਰੀਕਰਨ ਦੀ ਸ਼ੁਰੂਆਤ ਕੀਤੀ, ਜਿਸ ਨਾਲ ਨਿਵੇਸ਼ ਦੇ ਮਾਹੌਲ 'ਚ ਸੁਧਾਰ ਹੋਇਆ।

-ਲਾਇਸੈਂਸਿੰਗ ਰਾਜ ਖ਼ਤਮ ਕਰ ਦਿੱਤਾ ਗਿਆ। ਕੰਪਨੀਆਂ ਨੂੰ ਕਈ ਤਰ੍ਹਾਂ ਦੀਆਂ ਪਾਬੰਦੀਆਂ ਤੋਂ ਛੋਟ ਦਿੱਤੀ ਗਈ ਸੀ।

- ਆਯਾਤ-ਨਿਰਯਾਤ ਨੀਤੀ 'ਚ ਬਦਲਾਅ ਕੀਤਾ ਗਿਆ। ਇਸ ਕਾਰਨ ਭਾਰਤ ਦਾ ਵਪਾਰ ਬਹੁਤ ਵਧੀਆ ਹੋ ਗਿਆ।

-ਵਿਦੇਸ਼ੀ ਨਿਵੇਸ਼ ਦਾ ਸਵਾਗਤ ਕੀਤਾ ਗਿਆ, ਜਿਸ ਨਾਲ ਨਿਵੇਸ਼ ਤੇ ਨੌਕਰੀਆਂ ਦੀ ਭਰਮਾਰ ਹੋ ਗਈ।

## Manmohan Singh ਜਿੱਥੇ ਪੜ੍ਹੇ ਉੱਥੇ ਹੀ ਬਣੇ ਪ੍ਰੋਫ਼ੈਸਰ...

ਚੰਡੀਗੜ੍ਹ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) – ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਚੰਡੀਗੜ੍ਹ ਨਾਲ ਲੰਮੀ ਸਾਂਝ ਹੈ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਹੀ ਪੜ੍ਹਾਈ ਕੀਤੀ ਤੇ ਉੱਥੇ ਹੀ ਪ੍ਰੋਫੈਸਰ ਵੀ ਰਹੇ। ਇਕ ਸਮਾਗਮ ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਨੂੰ ਆਪਣੀਆਂ 3500 ਕਿਤਾਬਾਂ ਵੀ ਦਾਨ ਦਿੱਤੀਆਂ ਸੀ। ਮਨਮੋਹਨ ਸਿੰਘ ਚੰਡੀਗੜ੍ਹ ਸੈਕਟਰ 11 ਵਿੱਚ ਇੱਕ ਕਨਾਲ ਦੇ ਮਕਾਨ ਵਿੱਚ ਵੀ ਰਹੇ ਡਾ. ਮਨਮੋਹਨ ਸਿੰਘ ਨੇ ਪੰਜਾਬ ਯੂਨੀਵਰਸਿਟੀ ਤੋਂ 1954 ਵਿੱਚ ਅਰਥ ਸ਼ਾਸਤਰ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ, ਜਿਸ ਤੋਂ ਬਾਅਦ 1957 ਤੋਂ 1966 ਤਕ ਪੰਜਾਬ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੇ ਸੀਨੀਅਰ ਫੈਕਲਟੀ ਵਜੋਂ ਨੌਕਰੀ ਕੀਤੀ ਸੀ।

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!
ਹੁਣ ਤੁਹਾਡੀ ਸੇਵਾ ਵਿੱਚ BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜਲਦ ਖੁੱਲ ਰਹੀ ਹੈ
3643 Portage Rd, Niagara Falls
416-700-9100

ਜ਼ਰੂਰੀ ਸੂਚਨਾਂ
ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸ਼ਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।
ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com
ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ
ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।
ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜਿੰਦ-ਜਾਣ ਸਾਹਿਤਕ, ਸਭਿਆਚਾਰਕ ਅਤੇ ਖੇਡ-ਮੇਲਿਆਂ ਵਿੱਚ ਮਿੱਠੀ ਮਿੱਠੀ ਸ਼ਬਦਾਵਲੀ, ਸ਼ੇਅਰੋ ਸ਼ਾਇਰੀ ਅਤੇ ਕਥਾ ਕਹਾਣੀਆਂ ਨਾਲ ਮਨੋਰੰਜਕ ਪੇਸ਼ਕਾਰੀ ਲਈ ਸਟੇਜ ਸੰਚਾਲਨ ਵਾਸਤੇ ਹਮੇਸ਼ਾ ਯਾਦ ਰੱਖੋ
ਡਾ: ਦਰਸ਼ਨਦੀਪ ਅਰੋੜਾ
ਕੋ- ਹੋਸਟ



( ਰੇਡੀਓ ਪ੍ਰੋਗਰਾਮ ਸਬਰੰਗ 1350 AM )
ਸੋਮਵਾਰ ਤੋਂ ਸ਼ੁੱਕਰਵਾਰ ਤੱਕ 10 ਤੋਂ 11 ਵਜੇ ਤੱਕ
ਸੰਪਰਕ ਕਰੋ :
+1 437-243-3091



Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800


BRAMPTON
CASH & CARRY
Importer | Wholesaler | Retailer
CHRISTMAS
&
NEW YEAR
DHAMAAL
SHOPPING KARO TE REGISTER KARKE
PARTICIPATE KARO IN THE LUCKY
DRAW AND WIN EXCITING PRIZES
100 Kennedy Rd S,
Brampton, ON L6W 3E7, Canada
DRAW DATE
31ST DEC.2024
905-230-4800

# 26/11 ਹਮਲਾ: ਪਾਕਿ ਖਿਲਾਫ਼ ਫੌਜੀ ਕਾਰਵਾਈ ਬਾਰੇ ਕੀਤਾ ਸੀ ਵਿਚਾਰ

ਨਵੀਂ ਦਿੱਲੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -26 ਨਵੰਬਰ 2008 ਨੂੰ ਮੁੰਬਈ ਵਿੱਚ ਹੋਏ ਅਤਿਵਾਦੀ ਹਮਲਿਆਂ ਤੋਂ ਬਾਅਦ ਪਾਕਿਸਤਾਨ ਖਿਲਾਫ਼ ਜਵਾਬੀ ਕਾਰਵਾਈ ਨਾ ਕਰਨ ਲਈ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਮਨਮੋਹਨ ਸਿੰਘ ਦੀ ਅਕਸਰ ਆਲੋਚਨਾ ਕੀਤੀ ਜਾਂਦੀ ਰਹੀ , ਪਰ ਸੱਚ ਇਹ ਹੈ ਕਿ ਉਨ੍ਹਾਂ ਦੇ ਮੰਤਰੀ ਮੰਡਲ ਵਿੱਚ ਪਾਕਿਸਤਾਨ ਖਿਲਾਫ਼ ਫੌਜੀ ਕਾਰਵਾਈ ਕਰਨ ਬਾਰੇ ਚਰਚਾ ਹੋਈ ਸੀ। 2019 ਦੀਆਂ ਲੋਕ ਸਭਾ ਚੋਣਾਂ ਮੌਕੇ ਇੱਕ ਇੰਟਰਵਿਊ ਦੌਰਾਨ ਮਨਮੋਹਨ ਸਿੰਘ ਨੇ ਸਪੱਸ਼ਟ ਤੌਰ 'ਤੇ ਇਹ ਗੱਲ ਮੰਨੀ ਸੀ ਕਿ 26/11 ਦੇ ਹਮਲਿਆਂ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਪਾਕਿਸਤਾਨ ਖਿਲਾਫ਼ ਫੌਜੀ ਕਾਰਵਾਈ ਕਰਨ ਬਾਰੇ ਵਿਚਾਰ ਕੀਤਾ ਸੀ। ਉਨ੍ਹਾਂ ਕਿਹਾ ਸੀ, "ਮੁੰਬਈ ਵਿੱਚ ਕੀਤੇ ਗਏ ਹਮਲੇ ਨਾ-ਮੁਆਫ਼ੀਯੋਗ ਸਨ। ਮੈਂ ਇਸ ਗੱਲ ਤੋਂ ਬਿਲਕੁਲ ਸਹਿਮਤ ਨਹੀਂ ਹਾਂ ਕਿ ਅਸੀਂ ਫੌਜੀ ਕਾਰਵਾਈ ਲਈ ਤਿਆਰ ਨਹੀਂ ਸਾਂ। ਬਲਕਿ ਅਸੀਂ ਤਿਆਰ ਸੀ।" ਉਨ੍ਹਾਂ ਕਿਹਾ ਕਿ ਯੂ.ਪੀ.ਏ ਸਰਕਾਰ ਨੇ ਅਖ਼ੀਰ ਫੌਜੀ ਕਾਰਵਾਈ ਨਾ ਕਰਨ ਦਾ ਫੈਸਲਾ ਲਿਆ, ਕਿਉਂਕਿ ਉਸ ਵੇਲੇ ਭੂ-ਰਾਜਨੀਤਕ ਹਾਲਾਤ ਭਾਰਤ ਦੇ ਪੱਖ ਵਿੱਚ ਸਨ ਅਤੇ ਭਾਰਤ ਨੇ ਇਸ ਦਾ ਕੂਟਨੀਤਕ ਤੌਰ 'ਤੇ ਜਵਾਬ ਦਿੰਦਿਆਂ ਪਾਕਿਸਤਾਨ ਨੂੰ ਦੁਨੀਆ ਤੋਂ ਵੱਖ ਕਰ ਦਿੱਤਾ ਸੀ।



## ਮੈਨੂੰ ਪਤਾ ਸੀ ਕਿ ਉਹ ਮੇਰੇ ਨਾਲੋਂ ਬਿਹਤਰ ਸਾਬਤ ਹੋਣਗੇ : ਸੋਨੀਆਂ ਗਾਂਧੀ



ਨਵੀਂ ਦਿੱਲੀ ( ਵਿਸ਼ਵ ਪੰਜਾਬੀ ਸਾਂਝ ਕੈਨੇਡਾ) -2018 'ਚ ਕਾਂਗਰਸ ਆਗੂ ਸੋਨੀਆ ਗਾਂਧੀ ਵੱਲੋਂ ਦਿੱਤਾ ਇੱਕ ਬਿਆਨ ਕਾਫੀ ਚਰਚਾ 'ਚ ਹੈ। ਇਸ ਦੌਰਾਨ ਸੋਨੀਆ ਨੇ ਮਨਮੋਹਨ ਸਿੰਘ ਦੀ ਕਾਫੀ ਤਾਰੀਫ਼ ਕੀਤੀ ਸੀ। 2018 ਵਿੱਚ ਮੁੰਬਈ ਵਿੱਚ ਇੱਕ ਸਮਾਗਮ ਵਿੱਚ ਦਿੱਤੇ ਇੱਕ ਭਾਸ਼ਣ ਵਿੱਚ ਸੋਨੀਆ ਨੇ ਕਿਹਾ ਕਿ ਮੈਨੂੰ ਇਹ ਮੰਨਣ ਵਿੱਚ ਕੋਈ ਸ਼ਰਮ ਨਹੀਂ ਹੈ ਕਿ ਮੈਨੂੰ ਪਤਾ ਸੀ ਕਿ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਡਾਕਟਰ ਮਨਮੋਹਨ ਸਿੰਘ ਉਨ੍ਹਾਂ ਨਾਲੋਂ ਬਿਹਤਰ ਪ੍ਰਧਾਨ ਮੰਤਰੀ ਸਾਬਤ ਹੋਣਗੇ।
ਸਾਡੇ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਵਿਆਪਕ ਯਤਨ ਕੀਤੇ। ਇਸ ਦੇ ਨਾਲ ਹੀ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਵੀ ਦੁੱਖ ਪ੍ਰਗਟ ਕਰਦੇ ਹੋਏ ਕਿਹਾ, "ਮੈਂ ਇੱਕ ਗਾਈਡ ਗੁਆ ਦਿੱਤਾ ਹੈ।

## 'ਮਾਨਾ ਕਿ ਤੇਰੀ ਦੀਦ ਕੇ ਕਾਬਿਲ ਨਹੀਂ ਹੂੰ...' ਜਦੋਂ ਸੰਸਦ 'ਚ ਸੁਸ਼ਮਾ ਨੂੰ ਬੋਲੇ ਸੀ ਮਨਮੋਹਨ

**'ਮਾਨਾ ਕਿ ਤੇਰੀ ਦੀਦ ਕੇ ਕਾਬਿਲ ਨਹੀਂ ਹੂੰ...' ਜਦੋਂ ਸੰਸਦ 'ਚ ਸੁਸ਼ਮਾ ਨੂੰ ਬੋਲੇ ਸੀ ਮਨਮੋਹਨ; ਖ਼ੂਬ ਵੱਜੀਆਂ ਸਨ ਤਾੜੀਆਂ**



ਨਵੀਂ ਦਿੱਲੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਭਾਰਤ ਦੇ ਆਰਥਿਕ ਸੁਧਾਰਾਂ ਦਾ ਸਿਹਰਾ ਜਾਂਦਾ ਹੈ। ਅਰਥ ਸ਼ਾਸਤਰ ਤੋਂ ਇਲਾਵਾ ਡਾ. ਮਨਮੋਹਨ ਸਿੰਘ ਨੂੰ ਸ਼ਾਇਰੀ ਦਾ ਬਹੁਤ ਸ਼ੌਕ ਸੀ। ਮਨਮੋਹਨ ਸਿੰਘ ਭਾਵੇਂ ਘੱਟ ਬੋਲਦੇ ਸਨ, ਪਰ ਜਦੋਂ ਬੋਲਦੇ ਸੀ ਤਾਂ ਉਨ੍ਹਾਂ ਦੇ ਹਰ ਸ਼ਬਦ ਦੇ ਕੁੱਝ ਮਾਅਨੇ ਹੁੰਦੇ ਸਨ। ਡਾ. ਮਨਮੋਹਨ ਸਿੰਘ 15ਵੀਂ ਲੋਕ ਸਭਾ 'ਚ ਭਾਰਤ ਦੇ ਪ੍ਰਧਾਨ ਮੰਤਰੀ ਸਨ। ਉਸ ਸਮੇਂ ਸੁਸ਼ਮਾ ਸਵਰਾਜ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਹੁੰਦੇ ਸਨ। ਦੋਵਾਂ ਨੇ ਸੰਸਦ 'ਚ ਆਪਣੇ ਸੰਬੋਧਨ ਦੌਰਾਨ ਸ਼ਾਇਰੀ ਦੀ ਖ਼ੂਬ ਵਰਤੋਂ ਕੀਤੀ ਸੀ। ਮਾਰਚ 2011 'ਚ ਵਿਕੀਲੀਕਸ ਨੂੰ ਲੈ ਕੇ ਸੰਸਦ 'ਚ ਕਾਫੀ ਹੰਗਾਮਾ ਹੋਇਆ ਸੀ।

ਮਨਮੋਹਨ ਸਿੰਘ ਨੇ ਜਦੋਂ ਵੀ ਪਾਰਲੀਮੈਂਟ 'ਚ ਸੰਬੋਧਨ ਕੀਤਾ ਤਾਂ ਉਸ ਵਿਚ ਸ਼ਾਇਰੀ ਜ਼ਰੂਰ ਹੁੰਦੀ ਸੀ। ਵਿਰੋਧੀਆਂ ਨੂੰ ਜਵਾਬ ਦੇਣ ਲਈ ਡਾ. ਸਿੰਘ ਨੇ ਸ਼ਾਇਰੀ ਦੀ ਭਰਪੂਰ ਵਰਤੋਂ ਕੀਤੀ। ਉਸ ਸਮੇਂ ਦੀ ਲੋਕ ਸਭਾ 'ਚ ਵਿਰੋਧੀ ਧਿਰ ਦੀ ਆਗੂ ਅਤੇ ਭਾਜਪਾ ਦੀ ਸੀਨੀਅਰ ਆਗੂ ਸੁਸ਼ਮਾ ਸਵਰਾਜ ਨਾਲ ਉਨ੍ਹਾਂ ਦੀ ਸ਼ਾਇਰੀ 'ਤੇ ਕਾਫੀ ਜੁਗਲਬੰਦੀ ਹੁੰਦੀ ਸੀ। ਇਹ ਉਹ ਦੌਰ ਸੀ ਜਦੋਂ ਅੱਜ ਵਾਂਗ ਸੰਸਦ 'ਚ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦਰਮਿਆਨ ਤਲਵਾਰਾਂ ਨਹੀਂ ਸਨ ਚੱਲਦੀਆਂ। ਮਨਮੋਹਨ ਦੀ ਸ਼ਾਇਰੀ ਦੀ ਦੋਵਾਂ ਪਾਸਿਓਂ ਖ਼ੂਬ ਤਾਰੀਫ਼ ਹੁੰਦੀ ਸੀ। ਉਸ ਦੌਰ ਦੀਆਂ ਉਨ੍ਹਾਂ ਦੀਆਂ ਕਈ ਵੀਡੀਓਜ਼ ਵੀ ਵਾਇਰਲ ਵੀ ਹੁੰਦੀਆਂ ਰਹੀਆਂ ਹਨ। ਕਾਂਗਰਸ 'ਤੇ 2008 ਦੇ ਭਰੋਸੇ ਦੇ ਵੋਟ ਦੌਰਾਨ ਸੰਸਦ ਮੈਂਬਰਾਂ ਨੂੰ ਰਿਸ਼ਵਤ ਦੇਣ ਦਾ ਦੋਸ਼ ਸੀ। ਇਸ 'ਤੇ ਸੁਸ਼ਮਾ ਸਵਰਾਜ ਨੇ ਡਾ. ਸਿੰਘ 'ਤੇ ਹਮਲਾ ਬੋਲਦਿਆਂ ਸਾਹਬ ਜਾਫ਼ਰੀ ਦੀਆਂ ਲਾਈਨਾਂ ਪੜ੍ਹੀਆਂ- ਤੂ ਇਧਰ ਉਧਰ ਕੀ ਬਾਤ ਮਤ ਕਰ, ਯੇ ਬਤਾ ਕਿ ਕਾਫਿਲਾ ਕਿਉਂ ਲੁਟਾ, ਹਮੇਂ ਰਹਿਜਨੋਂ ਸੇ ਗਿਲਾ ਨਹੀਂ, ਤੇਰੀ ਰਹਿਬਰੀ ਕਾ ਸਵਾਲ ਹੈ।

ਡਾ. ਮਨਮੋਹਨ ਸਿੰਘ ਨੇ ਵੀ ਸੁਸ਼ਮਾ ਦੇ ਦੋਸ਼ਾਂ 'ਤੇ ਸ਼ਾਇਰੀ ਨਾਲ ਹੀ ਜਵਾਬ ਦਿੱਤਾ। ਉਨ੍ਹਾਂ ਅੱਲਾਮਾ ਇਕਬਾਲ ਦੀਆਂ ਲਾਈਨਾਂ ਪੜ੍ਹਦੇ ਹੋਏ ਕਿਹਾ - "ਮਾਨਾ ਕਿ ਤੇਰੀ ਦੀਦ ਕੇ ਕਾਬਿਲ ਨਹੀਂ ਹੂੰ ਮੈਂ, ਤੂ ਮੇਰਾ ਸ਼ੌਕ ਦੇਖ ਮੇਰਾ ਇੰਤਜ਼ਾਰ ਦੇਖ.'

## ਆਲਮੀ ਆਗੂਆਂ ਵੱਲੋਂ ਦੁੱਖ ਦਾ ਇਜ਼ਹਾਰ

ਵਾਸ਼ਿੰਗਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਹਾਂਤ 'ਤੇ ਅਮਰੀਕਾ, ਕੈਨੇਡਾ, ਫਰਾਂਸ ਅਤੇ ਸ੍ਰੀਲੰਕਾ ਸਮੇਤ ਹੋਰ ਆਲਮੀ ਆਗੂਆਂ ਨੇ ਦੁੱਖ ਪ੍ਰਗਟਾਇਆ ਹੈ। ਨੇਪਾਲ, ਮਾਲਦੀਵ ਅਤੇ ਅਫ਼ਗਾਨਿਸਤਾਨ ਸਮੇਤ ਹੋਰ ਗੁਆਂਢੀ ਮੁਲਕਾਂ ਦੇ ਆਗੂਆਂ ਨੇ ਵੀ ਮਨਮੋਹਨ ਸਿੰਘ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਜ਼ਾਹਿਰ ਕਰਦਿਆਂ ਉਨ੍ਹਾਂ ਵੱਲੋਂ ਨਿੱਘੇ ਸਬੰਧ ਕਾਇਮ ਕਰਨ 'ਚ ਦਿੱਤੇ ਯੋਗਦਾਨ ਲਈ ਯਾਦ ਕੀਤਾ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਗੌਰਡਨ ਬ੍ਰਾਊਨ, ਭਾਰਤ 'ਚ ਯੂਕੇ ਦੀ ਹਾਈ ਕਮਿਸ਼ਨਰ ਲਿੰਡੀ ਕੈਮਰੂਨ, ਜਪਾਨ ਦੇ ਸਫ਼ੀਰ ਓਨੋ ਕੇਇਚੀ, ਯੂਰੋਪੀਅਨ ਯੂਨੀਅਨ ਦੇ ਭਾਰਤ 'ਚ ਸਫ਼ੀਰ ਹਰਵੇ ਡੇਲਫਿਨ, ਕੌਮਾਂਤਰੀ ਮੁਦਰਾ ਫੰਡ ਦੀ ਮੁੱਖ ਆਰਥਿਕ ਮਾਹਿਰ ਗੀਤਾ ਗੋਪੀਨਾਥ ਅਤੇ ਭਾਰਤ 'ਚ ਫਲਸਤੀਨੀ ਸਫ਼ਾਰਤਖਾਨੇ ਦੇ ਇੰਚਾਰਜ ਡਾਕਟਰ ਆਬੇਦ ਐਲਰਾਜ਼ੇਗ ਐਬੀ ਜਾਜ਼ੇਰ ਨੇ ਵੀ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਹਾਂਤ 'ਤੇ ਦੁੱਖ ਜਤਾਇਆ ਹੈ।

ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਮਨਮੋਹਨ ਸਿੰਘ ਨੂੰ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਦਾ ਮੁੱਦਈ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਮਰੀਕਾ-ਭਾਰਤ ਸਿਵਲ ਪਰਮਾਣੂ ਸਹਿਯੋਗ ਸਮਝੌਤਾ ਇਸ ਦੀ ਵੱਡੀ ਮਿਸਾਲ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ 'ਐਕਸ' 'ਤੇ ਕਿਹਾ, 'ਭਾਰਤ ਦੇ ਇਕ ਮਹਾਨ ਵਿਅਕਤੀ ਦਾ ਅੰਤ ਹੋ ਗਿਆ ਹੈ। ਫਰਾਂਸ ਦਾ ਇਕ ਸੱਚਾ ਦੋਸਤ ਡਾਕਟਰ ਮਨਮੋਹਨ ਸਿੰਘ ਸਾਥੋਂ ਖੁੱਸ ਗਿਆ ਹੈ। ਉਨ੍ਹਾਂ ਆਪਣੇ ਮੁਲਕ ਲਈ ਸਾਰਾ ਜੀਵਨ ਸਮਰਪਿਤ ਕਰ ਦਿੱਤਾ। ਪਰਿਵਾਰ ਅਤੇ ਭਾਰਤ ਦੇ ਲੋਕਾਂ ਨਾਲ ਸਾਡੀ ਹਮਦਰਦੀ ਹੈ।"

ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ, ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਾਹਲ 'ਪ੍ਰਚੰਡ', ਮਾਲਦੀਵ ਦੇ ਸਾਬਕਾ ਰਾਸ਼ਟਰਪਤੀ ਮੁਹੰਮਦ ਨਾਸ਼ੀਦ, ਅਫ਼ਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਅਤੇ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਨੇ ਵੀ ਮਨਮੋਹਨ ਸਿੰਘ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟਾਇਆ।

ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ (83) ਨੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਉਨ੍ਹਾਂ ਨਾਲ ਆਪਣੀ ਸਾਂਝ ਦੀਆਂ ਯਾਦਾਂ ਤਾਜ਼ਾ ਕੀਤੀਆਂ। ਉਨਾਂ ਕਿਹਾ ਕਿ ਡਾਕਟਰ ਸਿੰਘ ਨੂੰ ਦੋਵੇਂ ਮੁਲਕਾਂ ਵਿਚਕਾਰ ਦੁਵੱਲੇ ਸਬੰਧਾਂ 'ਚ ਸੁਧਾਰ ਲਈ ਸਮਰਪਿਤ ਵਿਅਕਤੀ ਵਜੋਂ ਇਤਿਹਾਸ 'ਚ ਚੇਤੇ ਰੱਖਿਆ ਜਾਵੇਗਾ। ਕਸੂਰੀ ਨੇ ਮਨਮੋਹਨ ਸਿੰਘ ਦੇ ਉਸ ਬਿਆਨ ਦਾ ਜ਼ਿਕਰ ਕੀਤਾ ਜਦੋਂ ਉਨ੍ਹਾਂ ਕਿਹਾ ਸੀ ਕਿ ਉਹ ਇਹ ਦਿਨ ਦੇਖਣਾ ਚਾਹੁਣਗੇ ਕਿ ਨਾਸ਼ਤਾ ਅੰਮ੍ਰਿਤਸਰ 'ਚ ਹੋਵੇ, ਦੁਪਹਿਰ ਦਾ ਖਾਣਾ ਲਾਹੌਰ ਅਤੇ ਰਾਤ ਦਾ ਭੋਜਨ ਕਾਬੁਲ 'ਚ ਹੋਵੇ।

ਉਧਰ, ਚੀਨ ਨੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਨ੍ਹਾਂ ਭਾਰਤ-ਚੀਨ ਸਬੰਧਾਂ ਦੇ ਵਿਕਾਸ 'ਚ ਹਾਂ-ਪੱਖੀ ਯੋਗਦਾਨ ਪਾਇਆ ਸੀ।

ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਕਿਹਾ ਕਿ ਮਨਮੋਹਨ ਸਿੰਘ ਦੇ ਕਾਰਜ਼ਕਾਲ ਦੌਰਾਨ ਭਾਰਤ ਅਤੇ ਚੀਨ ਵਿਚਕਾਰ ਸਰਹੱਦੀ ਮੁੱਦੇ ਦੇ ਹੱਲ ਲਈ ਅਹਿਮ ਸਮਝੌਤਾ ਹੋਇਆ ਸੀ। ਉਸ ਸਮੇਂ ਦੋਵੇਂ ਮੁਲਕਾਂ ਨੇ ਸ਼ਾਂਤੀ ਅਤੇ ਖੁਸ਼ਹਾਲੀ ਲਈ ਰਣਨੀਤਕ ਸਹਿਯੋਗ ਪਾਰਟਨਰਸ਼ਿਪ ਦੀ ਸਥਾਪਨਾ ਦਾ ਵੀ ਐਲਾਨ ਕੀਤਾ ਸੀ।


# ਨਵੇਂ ਯੁੱਗ ਦਾ ਮਹਾਨ ਆਗੂ: ਸਰਦਾਰ ਮਨਮੋਹਨ ਸਿੰਘ

ਅੱਜ ਭਾਰਤ ਹੀ ਨਹੀਂ ਸਾਰੇ ਵਿਸ਼ਵ ਵਿੱਚ ਮਹਾਨ ਹਸਤੀ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਦੇ ਵਿਛੋੜੇ ਦਾ ਦਰਦ ਪ੍ਰਤੱਖ ਹੈ। ਉਨ੍ਹਾ ਦੇ ਦੇਸ਼ ਅਤੇ ਵਿਸ਼ਵ ਲਈ ਯੋਗਦਾਨ ਨੂੰ ਯਾਦ ਕੀਤਾ ਜਾ ਰਿਹਾ ਹੈ। 2004 ਅਤੇ 2014 ਦੇ ਵਿਚਕਾਰ ਲਗਾਤਾਰ ਦੋ ਵਾਰ ਪ੍ਰਧਾਨਮੰਤਰੀ ਦੇ ਇਸ ਚੋਟੀ ਦੇ ਅਹੁਦੇ 'ਤੇ ਰਹੇ, ਨੂੰ ਭਾਰਤ ਦੇ ਆਰਥਿਕ ਉਦਾਰੀਕਰਨ ਦੇ ਇੱਕ ਆਰਕੀਟੈਕਟ ਵਜੋਂ ਦੇਖਿਆ ਗਿਆ। ਜਿਸ ਨੇ ਦੇਸ਼ ਦੇ ਵਿਕਾਸ ਦੀ ਦਿਸ਼ ਤੇ ਚਾਲ ਨੂੰ ਬਦਲਿਆ । ਜਵਾਹਰ ਲਾਲ ਨਹਿਰੂ ਤੋਂ ਬਾਅਦ ਸੱਤਾ ਵਿੱਚ ਵਾਪਸੀ ਕਰਨ ਵਾਲੇ ਪਹਿਲੇ ਪ੍ਰਧਾਨ ਮੰਤਰੀ, ਸਰਦਾਰ ਮਨਮੋਹਨ ਸਿੰਘ ਸਿਖ਼ਰ ਦਾ ਆਹੁਦਾ ਸੰਭਾਲਣ ਵਾਲੇ ਪਹਿਲੇ ਸਿੱਖ ਸਨ। ਹਲੀਮੀ-ਭਰੇ,ਮਿੱਠ-ਬੋਲੜੇਸੁਭਾਅ ਵਾਲੇ ਵਿਸ਼ਵ ਪ੍ਰਸਿੱਧ ਅਰਥ ਸ਼ਾਸ਼ਤਰੀ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਭਾਰਤ ਦੇ ਰਿਜ਼ਰਵ ਬੈਂਕ ਦੇ ਗਵਰਨਰ, ਵਿੱਤ ਸਕੱਤਰ ਅਤੇ ਅਰਥ ਮੰਤਰੀ ਵਜੋਂ ਸੇਵਾ ਨਿਭਾ ਚੁੱਕੇ ਸਨ, ਅਤੇ ਪਿੱਛੋਂ ਸੰਸਦ ਦੇ ਉਪਰਲੇ ਸਦਨ ਵਿੱਚ ਵਿਰੋਧੀ ਧਿਰ ਦੀ ਅਗਵਾਈ ਕੀਤੀ।

ਅਸਾਮ ਵਿੱਚ 700 ਰੁਪਏ ਦੇ ਕਿਰਾਏ ਤੇ ਦੋ ਕਮਰਿਆਂ ਵਿੱਚ ਸਿੱਧੀ ਸਾਦੀ ਜ਼ਿੰਦਗੀ ਦੇ ਅਖੀਰਲੇ ਦਿਨ ਕੱਟਣ ਵਾਲਾ ਇਹ ਭੂਤਪੂਰਬ ਪ੍ਰਧਾਨ ਮੰਤਰੀ ਭਾਰਤ ਹੀ ਨਹੀਂ ਸਮੁੱਚੇ ਵਿਸ਼ਵ ਸਮਾਜ ਲਈ ਜੋ ਕਰਕੇ ਗਿਆ ਹੈ ਉਹ ਵਾਕਿਆ ਹੀ ਸਲਾਹੁਣਯੋਗ ਹੈ।

ਯੋਜਨਾ ਕਮਿਸ਼ਨ ਦੇ ਚੇਅਰਮੈਨ ਆਦਿ ਦੇ ਅਹੁਦਿਆ ਤੋਂ ਪਿੱਛੋਂ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਪੀਵੀ ਨਰਸਿਮਹਾ ਰਾਓ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਦੁਆਰਾ 1991 ਵਿੱਚ ਵਿੱਤ ਮੰਤਰੀ ਨਿਯੁਕਤ ਕੀਤਾ ਗਿਆ ਤਾਂ ਉਸ ਸਮੇਂ ਭਾਰਤ ਦੀ ਅਰਥਵਿਵਸਥਾ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਸੀ, ਦੇਸ਼ ਦਾ ਵਿਦੇਸ਼ੀ ਭੰਡਾਰ ਖਤਰਨਾਕ ਤੌਰ 'ਤੇ ਹੇਠਲੇ ਪੱਧਰ 'ਤੇ ਸੀ, ਦੋ ਹਫ਼ਤਿਆਂ ਦੀ ਦਰਾਮਦ ਦਾ ਭੁਗਤਾਨ ਕਰਨ ਲਈ ਵੀ ਕਾਫ਼ੀ ਨਹੀਂ ਸੀ। ਜਦ 1991 ਵਿੱਚ ਉਨ੍ਹਾਂ ਨੂੰ ਭਾਰਤ ਦੇ ਆਰਥਿਕ ਵਜ਼ੀਰ ਵਜੋਂ ਲਗਾਇਆ ਗਿਆ ਤਾਂ ਉਸ ਵੇਲੇ ਭਾਰਤ ਦੀ ਆਰਥਿਕਤਾ ਬੜੀ ਡਾਵਾਂ ਡੋਲ ਸੀ। ਭਾਰਤ ਦਾ ਬਾਹਰ ਦੇਸ਼ਾਂ ਵਿੱਚ ਸੋਨਾ ਗਿਰਵੀ ਰੱਖਿਆ ਹੋਇਆ ਸੀ ਜੋ ਉਨ੍ਹਾਂ ਨੇ ਛੁਡਵਾ ਕੇ ਲਿਆਂਦਾ । ਉਹ ਭਾਰਤ ਲਈ ਇੱਕ ਬਹੁਤ ਹੀ ਸੁਖਾਵਾਂ ਮੌਕਾ ਸੀ । ਸਰਦਾਰ ਮਨਮੋਹਨ ਸਿੰਘ ਨੇ ਅਰਥਵਿਵਸਥਾ ਦੇ ਢਹਿ ਜਾਣ ਤੋਂ ਬਚਣ ਲਈ ਇਸ ਨੂੰ ਕੰਟਰੋਲ ਮੁਕਤ ਕਰਨ ਦੀ ਪਹਿਲਕਦਮੀ ਦੀ ਅਗਵਾਈ ਕੀਤੀ, ਜਿਸ ਬਾਰੇ ਉਨ੍ਹਾਂ ਨੇ ਦਲੀਲ ਦਿੱਤੀ ਕਿ ਇਹ ਨਹੀਂ ਕੀਤਾ ਤਾਂ ਦੇਸ਼ ਉੱਤੇ ਗੰਭੀਰ ਕਸ਼ਟ ਆਉਣ ਵਾਲਾ ਹੈ। ਆਪਣੀ ਸਰਕਾਰ ਅਤੇ ਪਾਰਟੀ ਦੇ ਮੈਂਬਰਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ,ਆਖਰ ਮਨਮੋਹਨ ਸਿੰਘ ਨਵੀਆਂ ਨੀਤੀਆਂ ਜਿਨ੍ਹਾਂ ਵਿੱਚ ਮੁਦਰਾ ਦਾ ਮੁੱਲ ਘਟਾਉਣਾ, ਆਯਾਤ ਦਰਾਂ ਨੂੰ ਘਟਾਉਣਾ ਅਤੇ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਦਾ ਨਿੱਜੀਕਰਨ ਸ਼ਾਮਲ ਸਨ, ਲਾਗੂ ਕਰਨ ਵਿੱਚ ਸਫ਼ਲ ਤੇ ਦੇਸ਼ ਦੀ ਅਰਥਵਿਵਸਥਾ ਵੀ ਥੱਲੇ ਡਿਗਣ ਦੀ ਥਾਂ ਉਚਾਈਆਂ ਵੱਲ ਮੋੜ ਦਿੱਤੀ।

1991 ਵਿੱਚ ਸੰਸਦ ਵਿੱਚ ਆਪਣੇ ਪਹਿਲੇ ਬਜਟ ਭਾਸ਼ਣ ਦੌਰਾਨ ਕਿਹਾ "ਧਰਤੀ ਦੀ ਕੋਈ ਵੀ ਤਾਕਤ ਇੱਕ ਵਿਚਾਰ




**ਵਿਸ਼ਵ ਆਗੂਆਂ ਅਤੇ ਪੱਤਰਕਾਰਾਂ ਨੇ ਜਿਸ ਤਰ੍ਹਾਂ ਉਨ੍ਹਾ ਦੀਆਂ ਪ੍ਰਾਪਤੀਆਂ ਦਾ ਗੁਣ-ਗਾਣ ਕੀਤਾ ਹੈ ਉਨ੍ਹਾ ਵਿੱਚੋਂ ਕੁੱਝ ਕੁ ਨੂੰ ਹੇਠ ਦਿੱਤਾ ਗਿਆ ਹੈ:**

**ਗੰਧਲੇ ਤਲਾਬ ਵਿੱਚ ਗੁਲਾਬ, ਦਾਗਦਾਰ ਨਹੀਂ ਯਾਦਗਾਰ, ਜੁਮਲੇਬਾਜ਼ ਨਹੀਂ, ਸੱਚ ਅਤੇ ਸਹੀ ਸਮਤੋਲਵੇਂ ਸ਼ਬਦਾਂ ਦਾ ਸਿਰਜਣਹਾਰਾ, ਸੱਚੀਆਂ-ਸੁਚੀਆਂ ਕਦਰਾਂ ਕੀਮਤਾਂ ਦਾ ਲਖਾਇਕ, ਸ਼ੋਰ ਸ਼ਰਾਬੇ ਵਿੱਚ ਚੁੱਪ ਦਾ ਪ੍ਰਭਾਵ ਪਾਉਣ ਵਾਲਾ, ਭਾਰਤ ਦੀ ਨਵੀਂ ਵਿਕਾਸ ਦੀ ਅਰਥ ਵਿਵਸਥਾ ਦਾ ਸਿਰਜਣਹਾਰ, ਘਟੀਆ ਰਾਜਨੀਤੀ ਦੀ ਥਾਂ ਉਸਾਰੂ ਕੰਮਕਾਜੀ ਨੇਤਾ, ਸੱਚੀ, ਸੁੱਚੀ ਤੇ ਸੁਚੱਜੀ ਰਾਜ ਨੀਤੀ ਦਾ ਮੋਢੀ, ਆਰਥਿਕ ਭਾਈਚਾਰੇ ਵਿੱਚ ਨਵੇਂ ਪ੍ਰਭਾਵ ਦੇਣ ਵਾਲਾ ਰਾਜ ਨੇਤਾ ਆਦਿ।**

ਨੂੰ ਰੋਕ ਨਹੀਂ ਸਕਦੀ ਜਿਸਦਾ ਸਮਾਂ ਆ ਗਿਆ ਹੈ"।

ਬਾਅਦ ਵਿੱਚ, ਪ੍ਰਧਾਨ ਮੰਤਰੀ ਦੇ ਰੂਪ ਵਿੱਚ, ਸਰਦਾਰ ਮਨਮੋਹਨ ਸਿੰਘ ਨੇ ਆਪਣੇ ਆਰਥਿਕ ਸੁਧਾਰ ਦੇ ਉਪਾਵਾਂ 'ਤੇ ਅਮਲ ਕਰਨਾ ਜਾਰੀ ਰੱਖਿਆ, ਲੱਖਾਂ ਭਾਰਤੀਆਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਅਤੇ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਵੱਧ ਰਹੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚੋਂ ਇੱਕ ਵਜੋਂ ਭਾਰਤ ਦੇ ਉਭਾਰ ਵਿੱਚ ਯੋਗਦਾਨ ਪਾਇਆ।

ਇਸੇ ਤਰ੍ਹਾਂ ਹੀ ਜਦ ਉਹ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨਾਂ ਨੇ ਭਾਰਤ ਦੀ ਅਰਥ ਵਿਵਸਥਾ ਵਿੱਚ ਇੱਕ ਬਹੁਤ ਵੱਡਾ ਮੋੜ ਲਿਆਂਦਾ। ਜਿਸ ਨੇ ਇਸ ਦੀ ਅਰਥਵਿਵਸਥਾ ਵਿੱਚ ਜੀ.ਡੀ.ਪੀ ਨੂੰ 2010-2011 ਵਿੱਚ 10.3 ਪ੍ਰਤੀਸ਼ਤ ਵਧਾਰੇ ਦੀ ਇੱਕ ਇੱਕ ਵੱਡੀ ਪਿਰਤ ਪਾਈ ਜੋ ਹਾਲੇ ਤੱਕ ਲਾਗੂ ਹੈ । ਵਿਸ਼ਵੀਕਰਨ ਅਤੇ ਆਰਥਿਕ ਖੁੱਲਾਪਣ ਦੀਆਂ ਨਵੀਆਂ ਨੀਤੀਆਂ ਨੇ ਭਾਰਤ ਨੂੰ ਇੱਕ ਨਵੇਂ ਵਿਕਾਸ ਰਾਹ ਤੇ ਪਾ ਦਿੱਤਾ।

ਗਰੀਬਾਂ ਦਾ ਧਿਆਨ ਉਨਾਂ ਦੇ ਮਨ ਵਿੱਚ ਹਮੇਸ਼ਾ ਰਹਿੰਦਾ ਸੀ ਜਿਸ ਲਈ ਉਨਾਂ ਨੇ ਨੈਸ਼ਨਲ ਇੰਪਲੁਆਇਮੈਂਟ ਗਰੰਟੀ ਐਕਟ ਜਿਸਨੂੰ ਅਸੀਂ ਮਨਰੇਗਾ ਦੇ ਨਾਲ ਯਾਦ ਕਰਦੇ ਹਾਂ 2005 ਦੇ ਵਿੱਚ ਕਾਨੂੰਨ ਬਣਾ ਕੇ ਲਾਗੂ ਕੀਤਾ, ਕਿਸਾਨਾਂ ਦੇ ਕਰਜ਼ੇ ਘੱਟ ਕਰਨ ਲਈ ਕਾਨੂੰਨ ਬਣਾਏ ਤੇ ਸਨਅਤ ਨੂੰ ਹੁਲਾਰਾ ਦੇਣ ਲਈ ਨਵੇਂ ਕਾਨੂੰਨ ਲਿਆਂਦੇ, ਸੇਲ ਟੈਕਸ ਦੀ ਥਾਂ ਵੈਲਿਊ ਐਡਿਡ ਟੈਕਸ ਲਾਗੂ ਕੀਤਾ । 2009 ਵਿੱਚ ਰਾਈਟ ਟੂ ਚਿਲਡਰਨ ਟੂ ਫਰੀ ਐਂਡ ਕੰਪਲਸਰੀ ਐਜੂਕੇਸ਼ਨ ਐਕਟ ਸ਼ੁਰੂ ਕਰਕੇ ਪੜਾਈ ਨੂੰ ਫੰਡਾਮੈਂਟਲ ਰਾਈਟ ਭਾਵ ਮੁੱਢਲਾ ਹੱਕ ਕਰਾਰ ਦਿੱਤਾ ਗਿਆ ਜਿਸ ਨਾਲ ਹਰ ਇੱਕ ਬੱਚੇ ਨੂੰ ਸਿੱਖਿਆ ਦਾ ਅਧਿਕਾਰ ਮਿਲ ਗਿਆ ਨੈਸ਼ਨਲ ਰੂਰਲ ਹੈਲਥ ਪ੍ਰੋਗਰਾਮ ਲਾਗੂ ਕਰਕੇ ਉਨਾਂ ਨੇ 50 ਹਜ਼ਾਰ ਕਮਿਊਨਿਟੀ ਹੈਲਥ ਵਰਕਰ ਪਿੰਡਾਂ ਵਿੱਚ ਸੇਵਾ ਲਈ ਤੈਨਾਤ ਕੀਤੇ । ਪਿਛੜੀਆਂ ਜਾਤਾਂ ਲਈ ਆਈ.ਆਈ.ਟੀ ਤੇ ਹੋਰ ਉੱਚੀਆਂ ਸਿੱਖਿਆ ਸੰਸਥਾਵਾਂ ਲਈ 27% ਸੀਟਾਂ ਰਾਖਵੀਆਂ ਕੀਤੀਆਂ । ਸਕੂਲਾਂ ਵਿੱਚ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਅਤੇ ਹੋਰ ਨਵੇਂ ਸਕੂਲ ਬਣਾਉਣ ਦੀ ਲੜੀ ਅੱਗੇ ਤੋਰੀ । ਦੇਸ਼ ਦੀ ਸੁਰੱਖਿਆ ਲਈ ਉਸ ਯੂ.ਏ.ਪੀ.ਏ, ਅਨ ਲਾ ਫੁਲ ਐਕਟੀਵਿਟੀ ਪ੍ਰਵੈਂਸ਼ਨ ਐਕਟ 2005 ਤੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਜੋ ਅੱਜ ਕੱਲ ਐਨ.ਆਈ.ਏ ਕਰਕੇ ਜਾਣੀ ਜਾਂਦੀ ਹੈ ਦੀ ਸਥਾਪਤੀ ਲਈ ਕਨੂੰਨ ਬਣਾਏ।



ਡਾ: ਦਲਵਿੰਦਰ ਸਿੰਘ ਗਰੇਵਾਲ

ਉਨਾਂ ਨੇ ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ ਇੰਡੀਆ 2009 ਤਾਂ ਮਲਟੀਪਲ ਨੈਸ਼ਨਲ ਆਡੈਂਟਿਟੀ ਕਾਰਡ ਐਕਟ ਵੀ ਲਾਗੂ ਕਰਵਾਇਆ ਜਿਸ ਨੂੰ ਅਸੀਂ ਅੱਜ ਕੱਲ ਆਧਾਰ ਕਾਰਡ ਦੇ ਰੂਪ ਨਾਲ ਜਾਣਦੇ ਹਾਂ । ਉਨ੍ਹਾਂ ਨੇ ਉੱਤਰ ਪੂਰਬ ਵਿੱਚ ਆਤੰਕਵਾਦ ਘਟਾਇਆ ਅਤੇ 1984 ਦੇ ਸਿੱਖ ਨਰਸੰਹਾਰ ਲਈ ਕਾਂਗਰਸ ਵੱਲੋਂ ਪਾਰਲੀਮੈਂਟ ਵਿੱਚ ਮਾਫੀ ਮੰਗੀ। ਲੋਕ ਭਲਾਈ ਲਈ ਉਹਨਾਂ ਦੇ ਬਣਾਏ ਕਾਨੂੰਨ ਅੱਜ ਤੱਕ ਲਾਗੂ ਹਨ ਅਤੇ ਇਹ ਅੱਗੇ ਲਈ ਵੀ ਲਾਗੂ ਰਹਿਣਗੇ ਕਿਉਂਕਿ ਇਹਨਾਂ ਦੇ ਵਿੱਚ ਇੱਕ ਨਵੀਂ ਬਦਲੀ ਲਿਆਉਣ ਦਾ ਦਿਸ਼ਾ ਨਿਰਦੇਸ਼ ਹੈ । ਇਸ ਸਮੇਂ ਭਾਰਤ ਤੇ ਹੋਰ ਦੇਸ਼ਾਂ ਦੇ ਨਾਲ ਸਬੰਧ ਵੀ ਬਹੁਤ ਚੰਗੇ ਹੋਏ । ਇੰਨੀ ਦਿਨੀ ਜੋ ਮੀਲ ਪੱਥਰ ਇੰਡੋ ਯੂ ਐਸ ਸਿਵਿਲੀਅਨ ਨਿਊਕਲੀਅਰ ਐਗਰੀਮੈਂਟ 2005 ਹੋਇਆ ਉਹ ਸਾਡੇ ਭਵਿੱਖ ਲਈ ਬੜਾ ਹੀ ਫਾਇਦੇਮੰਦ ਰਿਹਾ । ਭਾਰਤ ਦੇ ਪਾਕਿਸਤਾਨ, ਅਫਗਾਨਿਸਤਾਨ, ਚੀਨ, ਇਰਾਨ, ਜਪਾਨ, ਯੂਰਪ ਤੇ ਹੋਰ ਦੇਸ਼ਾਂ ਦੇ ਨਾਲ ਸਬੰਧ ਬੜੇ ਸੁਖਾਵੇਂ ਰਹੇ ।

**ਇਮਾਨਦਾਰੀ ਤੇ ਸਾਦਗੀ ਦਾ ਇਹ ਸਰੂਪ ਇੱਕ ਉੱਘਾ ਸੰਸਦ, ਹਲੀਮੀ, ਬੌਧਿਕਤਾ, ਸੱਭਿਅਕ ਵਰਤਾਓ ,ਸੰਸਦੀ ਜੀਵਨ ਦੀ ਨਵੀਂ ਪਛਾਣ ਬਣੇ । ਜਿਸ ਸ਼ਾਲੀਨਤਾ ਤੇ ਗੰਭੀਰਤਾ ਨਾਲ ਉਨਾਂ ਨੇ ਦੇਸ਼ ਨੂੰ ਚਲਾਇਆ ਉਹ ਹਮੇਸ਼ਾ ਯਾਦ ਕੀਤਾ ਜਾਏਗਾ। ਵਾਕਿਆ ਹੀ ਉਨਾਂ ਦਾ ਜਾਣਾ ਭਾਰਤ ਲਈ ਹੀ ਨਹੀਂ ਵਿਸ਼ਵ ਲਈ ਵੀ ਇੱਕ ਬਹੁਤ ਵੱਡਾ ਘਾਟਾ ਹੈ ਜੋ ਕਦੇ ਵੀ ਨਾ ਪੂਰਿਆ ਜਾ ਸਕਣ ਵਾਲਾ ਹੈ।**






ਰੋਜ਼ਾਨਾ
ਵਿਸ਼ਵ ਪੰਜਾਬੀ ਸਾਂਝ
vishavpunjabisanjh@gmail.com

ਮਿਤੀ 28 ਦਸੰਬਰ ਸ਼ਨੀਵਾਰ 2024

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਾਲ 2025 ਦਾ ਮੁੱਖ ਉਦੇਸ਼ ਹਰ ਇੱਕ ਲਈ ਸਿੱਖਿਆ

ਨਵੀਂ ਦਿੱਲੀ 28 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਸਾਲ 2024 ਆਪਣੇ ਅੰਦਰ ਕਈ ਯਾਦਾਂ ਸਮੋਈ ਸਾਨੂੰ ਅਲਵਿਦਾ ਕਹਿ ਰਿਹਾ ਹੈ ਅਤੇ ਸਾਲ 2025 ਨਵੀਆਂ ਉਮੀਦਾਂ ਅਤੇ ਨਵੇਂ ਜੀਵਨ ਪ੍ਰਵਾਹ ਨਾਲ ਸਾਡਾ ਸਵਾਗਤ ਕਰ ਰਿਹਾ ਹੈ। ਇਸ ਪ੍ਰਵਾਹ ਵਿਚ ਉਚੇਰੀ ਸਿੱਖਿਆ ਦਾ ਚਾਨਣ ਮੁਨਾਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਿੱਥੇ ਟੀਚੇ ਤੱਕ ਪਹੁੰਚਾਉਣ, ਆਪਣੀਆਂ ਉਪਲੱਬਧੀਆਂ ਦੀ ਲੜੀ ਜਾਰੀ ਰੱਖਣ ਅਤੇ ਉੱਚ ਪਾਏ ਦੇ ਸਮਾਜ ਸਿਰਜਣ ਦੀ ਪ੍ਰਕ੍ਰਿਆ ਵਿਚ ਕਾਰਜਸ਼ੀਲ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਾਲ 2024 ਵਿੱਚ ਅਕਾਦਮਿਕ, ਖ਼ੋਜ, ਖੇਡ, ਕਲਾ ਅਤੇ ਸੱਭਿਆਚਾਰ ਨਾਲ ਸਬੰਧਤ ਬਹੁਤ ਸਾਰੀਆਂ ਪ੍ਰਾਪਤੀਆਂ ਕਰਦਿਆਂ ਵੱਖ ਵੱਖ ਖੇਤਰਾਂ ਵਿਚ ਮੱਲ੍ਹਾਂ ਮਾਰੀਆਂ ਹਨ। ਯੂਨੀਵਰਸਿਟੀ ਦੇ ਨਵ-ਨਿਯੁਕਤਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਵੱਲੋਂ ਯੂਨੀਵਰਸਿਟੀ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਲਈ ਆਪਣੀ ਵੱਚਨਬੱਧਤਾ ਅਤੇ ਹੋਰ ਨਵੇਂ ਉਦੇਸ਼ਾਂ ਨੂੰ ਪੁਰਾ ਕਰਨ ਦੇ ਟੀਚਿਆਂ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਵੇਂ ਸਾਲ 2025 ਦਾ ਸਵਾਗਤ ਕਰੇਗੀ।

ਵਾਈਸ ਚਾਂਸਲਰ ਪ੍ਰੋ.ਕਰਮਜੀਤ ਸਿੰਘ ਦੀ ਸੁਯੋਗ ਅਗਵਾਈ ਵਿੱਚ ਯੂਨੀਵਰਸਿਟੀ ਆਪਣੇ ਨਵੇਂ ਉਦੇਸ਼ਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ 'ਸਰਬੱਤ ਦਾ ਭਲਾ' ਤੋਂ ਪ੍ਰੇਰਨਾ ਲੈਂਦਿਆਂ ਸਿੱਖਿਆ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਣਾ ਪਹਿਲੇ ਟੀਚੇ ਵਿਚ ਸ਼ਾਮਿਲ ਹੋਵੇਗਾ। ਇਹ ਦ੍ਰਿਸ਼ਟੀ ਅੱਜ ਦੇ ਸੰਸਾਰ ਵਿੱਚ ਖਾਸ ਤੌਰ 'ਤੇ ਮਹੱਤਵਪੂਰਨ ਹੈ, ਜਿੱਥੇ ਵਿੱਤੀ ਰੁਕਾਵਟਾਂ, ਭੂਗੋਲਿਕ ਦੂਰੀ ਅਤੇ ਸਮਾਜਿਕ ਅਸਮਾਨਤਾਵਾਂ ਵਰਗੀਆਂ ਰੁਕਾਵਟਾਂ ਗੁਣਵੱਤਾ ਸਿੱਖਿਆ ਤੱਕ ਪਹੁੰਚ ਵਿੱਚ ਰੁਕਾਵਟ ਪਾਉਂਦੀਆਂ ਹਨ। ਪਿਛੇ ਰਹਿਣ ਵਾਲੇ ਨਾਗਰਿਕਾਂ ਜਾਂ ਉਹ ਵਿਅਕਤੀ ਜਿਹੜੇ ਕਿਸੇ ਕਾਰਨਾਂ ਕਰਕੇ ਆਪਣੀ ਉਚ ਸਿੱਖਿਆ ਨੂੰ ਪੂਰੇ ਨਹੀਂ ਕਰ ਸਕੇ ਜਾਂ ਉਹ ਵਿਦਿਆਰਥੀ ਜੋ ਵਸੀਲੇ ਪੂਰੇ ਨਾ ਹੋਣ ਕਰਕੇ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ ਉਨ੍ਹਾਂ ਨੂੰ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਓਪਨ ਲਰਨਿੰਗ ਅਤੇ ਔਨਲਾਈਨ ਸਿੱਖਿਆ ਪ੍ਰਣਾਲੀਆਂ ਵਿਚ ਤੇਜ਼ੀ ਲਿਆਂਦੀ ਜਾਵੇਗੀ। ਇਨੋਵੇਸ਼ਨ ਅਤੇ ਅੰਤਰ-ਵਿਭਾਗੀ ਸਹਿਯੋਗ ਰਾਹੀਂ ਯੂਨੀਵਰਸਿਟੀ ਦੇ ਵਿਭਾਗਾਂ ਵਿੱਚ ਹੀ ਨਹੀਂ ਸਗੋਂ ਬਾਹਰੀ ਸੰਸਥਾਵਾਂ ਨਾਲ ਵੀ ਨਵੀਨਤਾ ਨੂੰ ਉਤਸ਼ਾਹਿਤ ਅਤੇ ਸਹਿਯੋਗ ਵਧਾਇਆ ਜਾਵੇਗਾ। ਇਸ ਦੇ ਨਾਲ ਹੀ ਸਮਾਜਿਕ ਚੁਣੌਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਅੰਤਰ-ਅਨੁਸ਼ਾਸਨੀ ਪਹੁੰਚ ਦੀ ਲੋੜ 'ਤੇ ਵੀ ਜ਼ੋਰ



ਦਿੱਤਾ ਜਾਵੇਗਾ। ਯੂਨੀਵਰਸਿਟੀ ਵੱਲੋਂ ਸਮਾਜ ਦੀ ਲੋੜ ਅਨੁਸਾਰ ਨਵੇਂ ਕੋਰਸ ਸ਼ੁਰੂ ਕਰਨ ਨੂੰ ਪਹਿਲ ਦਿੱਤੀ ਜਾਵੇਗੀ ਜਿਸ ਨਾਲ ਵਿਦਿਆਰਥੀ ਨੂੰ ਲਾਭ ਮਿਲੇ।

ਪੰਜਾਬੀ ਭਾਸ਼ਾ ਦੇ ਵਿਕਾਸ, ਪ੍ਰਚਾਰ ਤੇ ਪ੍ਰਸਾਰ ਨੂੰ ਵੀ ਇਸ ਸਾਲ ਦੇ ਮੁੱਖ ਏਜੰਡੇ ਵਿਚ ਸ਼ਾਮਿਲ ਕੀਤਾ ਗਿਆ ਹੈ। ਯੂਨੀਵਰਸਿਟੀ ਔਨਲਾਈਨ ਸਿਖ਼ਲਾਈ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਕੇ ਪੰਜਾਬੀ ਡਾਇਸਪੋਰਾ ਦੀ ਸਹਾਇਤਾ ਕਰਨ ਲਈ ਸਮਰਪਿਤ ਹੈ। ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸੁਰੱਖਿਅਤ ਅਤੇ ਪ੍ਰਫੁੱਲਤ ਕਰਨਾ ਹੈ ਤੇ ਉਹਨਾਂ ਨੂੰ ਵਿਸ਼ਵ ਭਰ ਵਿੱਚ ਪਹੁੰਚਯੋਗ ਬਣਾਉਣਾ ਹੈ। ਯੂਨੀਵਰਸਿਟੀ ਦੇ ਯਤਨ ਵਿੱਚ ਇਹ ਗੱਲ ਸ਼ਾਮਿਲ ਹੋਵੇਗੀ ਕਿ ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀਆਂ ਅਤੇ ਉਨ੍ਹਾਂ ਲੋਕਾਂ, ਜੋ ਸਿੱਖਣ ਦੇ ਚਾਹਵਾਨ ਹਨ, ਤੱਕ ਗੁਰਮੁੱਖੀ ਲਿਪੀ ਆਧਾਰਤ ਡਿਜੀਟਲ ਪਲੇਟਫਾਰਮਾਂ ਦੀ ਪਹੁੰਚ ਕੀਤੀ ਜਾਵੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇਹ ਕੋਸ਼ਿਸ਼ ਹੋਵੇਗੀ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਦੌਰ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲੇ ਅਤੇ ਵਿਦਿਆਰਥੀਆਂ ਨੂੰ ਰੁਜ਼ਗਾਰਯੋਗ ਅਤੇ ਉੱਦਮੀ ਯੋਗਤਾਵਾਂ ਦੇ ਸਮਰੱਥ ਬਣਾਇਆ ਜਾ ਸਕੇ।

ਇਸ ਉਦੇਸ਼ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਹੁਨਰ-ਅਧਾਰਿਤ ਕੋਰਸਾਂ ਦੀ ਸ਼ੁਰੂਆਤ ਕਰਨ ਨੂੰ ਪਹਿਲ ਦਿੱਤੀ ਜਾਵੇਗੀ। ਦਾਖਲੇ ਨੂੰ ਵਧਾਉਣ ਦੇ ਉਦੇਸ਼ ਨਾਲ ਯੂਨੀਵਰਸਿਟੀ ਅਤੇ ਕਾਂਸਟੀਚੁਐਂਟ ਕਾਲਜਾਂ ਵਿਚ ਉਦਯੋਗ ਜਗਤ ਦੀ ਲੋੜ, ਉਦਮੀ ਨਵੀਨਤਾਵਾਂ ਅਤੇ ਸਮੇਂ ਦੀ ਲੋੜ ਵਾਲੇ ਹੋਰ ਨਵੇਂ ਹੁਨਰ-ਅਧਾਰਿਤ ਕੋਰਸ ਵੀ ਸ਼ੁਰੂ ਕੀਤੇ ਜਾਣਗੇ।

ਖੋਜ ਅਤੇ ਨਵੀਨਤਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਆਪਣੇ ਸਫ਼ਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਿਆਂ ਵਿਗਿਆਨਕ ਖੋਜ ਨੂੰ ਕੇਂਦਰ ਵਿਚ ਰੱਖਦੇ ਹੋਏ ਸਮਕਾਲੀ ਸਮਾਜਿਕ ਚੁਣੌਤੀਆਂ ਨੂੰ ਹੱਲ ਕਰਨ ਲਈ ਸਮਾਜ ਵਿਗਿਆਨ ਵਿੱਚ ਵਿਚ ਖੋਜ ਨੂੰ ਵਧਾਉਣ ਦੇ ਯਤਨਾਂ ਦੀ ਵੀ ਯੋਜਨਾ ਬਣਾ ਰਹੀ ਹੈ। ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਪਛਾਣਦੇ ਹੋਏ, ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਸਾਰ ਨੂੰ ਵੀ ਆਪਣੀ ਤਰਜੀਹੀ ਸੂਚੀ ਵਿੱਚ ਰੱਖਿਆ ਹੈ, ਜਿਸਦਾ ਉਦੇਸ਼ ਵਿਸ਼ਵ ਦ੍ਰਿਸ਼ਟੀਕੋਣ ਨੂੰ ਉਤਸ਼ਾਹਤ ਕਰਦੇ ਹੋਏ ਖੇਤਰੀ ਵਿਰਾਸਤ ਨੂੰ ਸੰਭਾਲਣਾ ਅਤੇ ਮਨਾਉਣਾ ਹੈ।

ਵਰਤਮਾਨ ਸਮੇਂ ਵਿਚ 'ਕੁੱਲ ਦਾਖਲਾ ਲੈਣ ਦਾ ਅਨੁਪਾਤ' 29.1 ਫੀਸਦ ਹੈ ਅਤੇ ਸਾਲ 2025 ਤੋਂ ਯੂਨੀਵਰਸਿਟੀ ਦਾ ਟੀਚਾ ਹੋਵੇਗਾ ਕਿ ਜਿਵੇਂ ਕਿ ਭਾਰਤ ਸਰਕਾਰ ਦਾ ਉਦੇਸ਼ ਇਸ 'ਕੁੱਲ ਦਾਖਲਾ ਲੈਣ ਦਾ ਅਨੁਪਾਤ' ਦੇ ਟੀਚੇ ਨੂੰ 50 ਫੀਸਦ ਤਕ ਪਹੁੰਚਾਉਣਾ ਹੈ, ਨੂੰ ਵੇਖਦੇ ਹੋਏ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਵਿਦਿਆਰਥੀਆਂ ਨੂੰ ਆਨਲਾਈਨ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਦੱਬੇ-ਕੁਚਲੇ ਅਤੇ ਪਛੜੇ ਵਰਗਾਂ, ਵੱਖ-ਵੱਖ ਤੌਰ 'ਤੇ ਵਿਸ਼ੇਸ਼ ਲੋੜਾਂ ਵਿਅਕਤੀਆਂ ਅਤੇ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਉੱਚ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਸਮਾਜਕ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਸਮੁੱਚੇ ਭਾਈਚਾਰਕ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਯੂਨੀਵਰਸਿਟੀ ਦੀ ਜ਼ਿੰਮੇਵਾਰੀ ਅਹਿਮ ਹੈ ਅਤੇ ਯੂਨੀਵਰਸਿਟੀ ਦਾ ਅਧਿਆਪਨ ਅਮਲਾ ਕਿਸੇ ਵੀ ਅਕਾਦਮਿਕ ਸੰਸਥਾ ਦਾ ਮੂਲ ਹੁੰਦਾ ਹੈ ਜਿਸ ਨਾਲ ਦੇਸ਼ ਦਾ ਭਵਿੱਖ ਵਿਦਿਆਰਥੀ ਅਤੇ ਸਾਡਾ ਸਮਾਜ ਘੜਿਆ ਜਾਂਦਾ ਹੈ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਸੂਝ-ਬੂਝ ਵਾਲੀ ਅਗਵਾਈ ਵਿਚ ਯੂਨੀਵਰਸਿਟੀ ਦਾ ਇਹ ਉਦੇਸ਼ ਹੋਵੇਗਾ ਕਿ ਅਧਿਆਪਕਾਂ ਨੂੰ ਹੋਰ ਵੀ ਸਮਰੱਥ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ।




## ਜਨਮ ਦਿਨ ਮੁਬਾਰਕ

ਵਿਸ਼ਵ ਪੰਜਾਬੀ ਸਾਂਝ ਕੈਨੇਡਾ ਗਰੁੱਪ ਵੱਲੋਂ ਰਮਨਦੀਪ ਕੌਰ ਵਾਸੀ ਬਾਜਾ ਖਾਨਾ (ਪੰਜਾਬ) ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ









# BRAMPTON CASH AND CARRY

**WHOLESALER** | **IMPORTER**
**DISTRIBUTOR** | **RETAILER**

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**


HURRY!
SPECIAL OFFER
BRAMPTON CASH & CARRY
Importer | Wholesaler | Retailer
WHITE ONION– 50 POUND
22 $
Easterday PRODUCE
ONIONS
BUY NOW
T&C APPLY
100 Kennedy Rd S,
Brampton, ON L6W 3E7, Canada
905-230-4800


HURRY!
SPECIAL OFFER
BRAMPTON CASH & CARRY
Importer | Wholesaler | Retailer
BRAR BESAN SUPER FINE
9.99 $
BRAR SWEET CORN FLOUR
4.99 $
SHER WHITE WHOLE WHEAT ATTA
15.99 $
SHER
BESAN
BRAR
SWEET CORN FLOUR
SHER
FIBER WALA
BUY NOW
T&C APPLY
100 Kennedy Rd S,
Brampton, ON L6W 3E7, Canada
905-230-4800


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
9.07 KG (20 LB)
WEIGHT
20LB
PRICE
$9.99
BRAMPTON
CASH & CARRY
Importer | Wholesaler | Retailer
6HR
SOFTNESS
BEST FOR ROLLS, PARANTHAS. POORIS & HOTBREADS


GRAND OPENING
3643 PORTAGE RD, NIAGARA FALLS
CONTACT : +1 (416)700-9100
COMING SOON
BRAMPTON CASH AND CARRY
BRAMPTON CASH & CARRY
Importer | Wholesaler | Retailer
BRAMPTON CASH & CARRY
IMPORTER | WHOLESALER| RETAILER
OPEN EVERYDAY FROM
9:00 AM TO 9:00 PM